**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮਹ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਆਈਸੀਟੀ/5/4-ICT-2008/Misc/33644
ਮਿਤੀ ਚੰਡੀਗੜ੍ਹ, 26 ਅਪ੍ਰੈਲ, 2010

**ਵਿਸ਼ਾ** **ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਅਧੀਨ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ ਤੋਂ ਪੜ੍ਹਾਉਣ ਦੇ ਕੰਮ ਤੋਂ ਇਲਾਵਾ ਹੋਰ ਕੰਮ ਲੈਣ ਸਬੰਧੀ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਵੱਖ-ਵੱਖ ਸਕੂਲਾਂ ਮੁੱਖੀਆਂ ਵੱਲੋਂ ਮੀਟਿੰਗਾ ਦੌਰਾਨ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਸੀ ਕਿ ਕਈ ਕੰਪਿਊਟਰ ਟੀਚਰ, ਉਨ੍ਹਾਂ ਦੇ ਕਹੇ ਅਨੁਸਾਰ, ਸਕੂਲਾਂ ਦੇ ਕੰਮਾ ਵਿੱਚ ਸਹਿਯੋਗ ਨਹੀਂ ਕਰਦੇ ਹਨ । ਇਸ ਸਬੰਧ ਵਿੱਚ ਸਾਰੇ ਮੁੱਦੇ ਨੂੰ ਵਿਚਾਰਣ ਉਪਰੰਤ ਇਹ ਹਦਾਇਤਾਂ ਜਾਰੀ ਕਰ ਦਿੱਤੀਆ ਗਈਆ ਸਨ ਕਿ ਸਬੰਧਤ ਸਕੂਲ ਮੁੱਖੀ ਸਾਰੇ ਸਟਾਫ ਦਾ ਇਨਚਾਰਜ ਹੁੰਦਾ ਹੈ ਅਤੇ ਉਹ ਜਿਸ ਤਰ੍ਹਾਂ ਵੀ ਚਾਹੇ ਹਰੇਕ ਸਟਾਫ ਮੈਂਬਰ ਤੋਂ ਲੋੜੀਂਦਾ ਕੰਮ ਲੈ ਸਕਦਾ ਹੈ ਬਸ਼ਰਤੇ ਕਿ ਸਬੰਧਤ ਅਧਿਆਪਕ ਦੀ ਪੜ੍ਹਾਈ ਦੇ ਕੰਮ ਦਾ ਹਰਜ਼ ਨਾ ਹੋਵੇ ।

3.0 ਪਿਛਲੇ ਦਿਨੀਂ ਇਹ ਗੱਲ ਵੀ ਧਿਆਨ ਵਿੱਚ ਆਈ ਹੈ ਕਿ ਕਈ ਸਕੂਲਾਂ ਦੇ ਵਿੱਚ ਕਲਰਕ ਹੋਣ ਦੇ ਬਾਵਜੂਦ ਲਿਖਾਪੜ੍ਹੀ ਦਾ ਕੰਮ ਕੰਪਿਊਟਰ ਅਧਿਆਪਕ ਜਾਂ ਦੂਜੇ ਅਧਿਆਪਕਾਂ ਨੂੰ ਸਕੂਲ ਮੁੱਖੀ ਵੱਲੋਂ ਸੌਂਪ ਦਿੱਤਾ ਜਾਂਦਾ ਹੈ । ਇਹ ਸੱਪਸ਼ਟ ਕੀਤਾ ਜਾਂਦਾ ਹੈ ਕਿ ਇਸ ਤਰ੍ਹਾਂ ਕੀਤਾ ਜਾਣਾ ਨਿਯਮਾਂ ਦੇ ਵਿਰੁੱਧ ਹੈ । ਨਾਨ ਟੀਚਿੰਗ / ਕਲੈਰਿਕਲ ਕੰਮ, ਜਿੱਥੇ ਤੀਕ ਸੰਭਵ ਹੋਵੇ, ਸਬੰਧਤ ਕਲਰਕ ਤੋਂ ਕਰਵਾਇਆ ਜਾਵੇ । ਜੇਕਰ ਉਨ੍ਹਾਂ ਨੂੰ ਟਾਈਪ ਜਾਂ ਕਿਸੀ ਹੋਰ ਮਦਦ ਦੀ ਲੋੜ ਹੋਵੇ ਤਾਂ ਉਹਨਾਂ ਨੂੰ ਆਪਣੇ ਸਕੂਲ ਵਿੱਚ ਟ੍ਰੇਨਿੰਗ ਵੀ ਕਰਵਾਈ ਜਾ ਸਕਦੀ ਹੈ । ਬਹੁਤ ਸਾਰੇ ਕਲਰਕਾਂ ਨੂੰ ਪੰਜ ਪੰਜ ਦਿਨਾਂ ਦੀ ਟ੍ਰੇਨਿੰਗ ਵਿਭਾਗ ਵੱਲੋਂ ਕਰਵਾਈ ਗਈ ਹੈ । ਇਹ ਵੀ ਸੱਪਸ਼ਟ ਕੀਤਾ ਜਾਂਦਾ ਹੈ ਕਿ ਸਕੂਲ ਮੁੱਖੀ ਆਪਣੇ ਹਿਸਾਬ ਨਾਲ ਸਾਰੇ ਸਟਾਫ ਤੋਂ ਕੰਪਿਊਟਰ ਅਧਿਆਪਕ ਸਮੇਤ ਜੋ ਕੰਮ ਠੀਕ ਸਮਝਣ ਉਹ ਸੌਂਪ ਸਕਦਾ ਹੈ ਤਾਂ ਜੋ ਸਕੂਲ ਦਾ ਕੰਮ ਸੁਚਾਰੂ ਢੰਗ ਨਾਲ ਚਲਾਇਆ ਜਾ ਸਕੇ ।

ਇਹ ਪੱਤਰ ਆਪ ਦੀ ਅਗਵਾਈ ਹਿੱਤ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ